(i) Printed Pages : 3

(ii) Questions : 7

Roll No. ..............................

Sub. Code : | 0 | 9 | 2 | 9 |

Exam. Code : | 0 | 0 | 2 | 9 |

## Bachelor of Computer Applications 3rd Semester

## (2123)

## PUNJABI (Compulsory)

## Paper : BCA-16-301

**Time Allowed : Three Hours] [Maximum Marks : 45**

1. ਕਿਸੇ **ਇੱਕ** ਕਾਵਿ-ਅੰਸ਼ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਡਾਲੀ ਨਾਲੋਂ ਤੋੜ ਨਾ ਸਾਨੂੰ

ਅਸਾਂ ਹੱਟ ਮਹਿਕ ਦੀ ਲਾਈ।

ਲਖ ਗਾਹਕ ਜੇ ਸੁੰਘੇ ਆਕੇ

ਖਾਲੀ ਇਕ ਨਾ ਜਾਈ:

ਤੂੰ ਜੇ ਇਕ ਤੋੜ ਕੇ ਲੈ ਗਿਓਂ,

ਇਕ ਜੋਗਾ ਰਹਿ ਜਾਸਾਂ-

ਉਹ ਭੀ ਪਲਕ ਝਲਕ ਦਾ ਮੇਲਾ

ਰੂਪ ਮਹਿਕ ਨਸ ਜਾਈ।

(ਅ) ਇਥੇ ਜਾਨ ਆਈ, ਰੂਹ ਆਇਆ, ਰੱਬ ਆਇਆ

ਗੀਤ ਅਸਮਾਨੀ ਆਇਆ, ਦਿਲ ਆਇਆ ਬਖ਼ਸ਼ ਦਾ

ਇਥੇ ਚਾਅ ਦੇ ਅਸਮਾਨ ਟੁੱਟੇ,
ਇਥੇ ਹੁਸਨ ਖੁਦਾਈ ਦਾ ਅਵਤਾਰ ਆਇਆ,
ਇਥੇ ਦਿਲ ਚੁਭਵੀਆਂ ਮੂਰਤਾਂ,
ਨਿਗਾਹਾਂ ਦੇ ਤੀਰਾਂ ਦੇ ਮੀਂਹ।
ਇਥੇ ਦਾਤੇ ਬਲਕਾਰ ਆਏ,
ਇਥੇ ਸਾਈਂ ਦੇ ਪਿਆਰੇ ਆਏ,
ਇਸ ਧਰਤੀ ਵਿੱਚ ਕਲਗੀ ਵਾਲੇ ਦੇ ਘੋੜੇ ਦੇ ਸੁੰਮਾਂ ਦੀ ਟਾਪ ਲੱਗੀ,
ਇਥੇ ਸਤਿਗੁਰਾਂ, ਸੱਚੇ ਪਾਤਸ਼ਾਹ ਦਾ ਨਿਵਾਸ ਹੈ। 5

2. ਕਿਸੇ **ਇੱਕ** ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ :

   ਰਾਧਾ ਸੰਦੇਸ਼, ਦੇਸ਼ ਪਿਆਰ, ਅਸ਼ੋਕਾ ਚੇਤੀ। 5

3. ਕਿਸੇ **ਇੱਕ** ਕਹਾਣੀ ਦਾ ਸਾਰ ਲਿਖੋ :

   ਉਜਾੜ, ਬਸ਼ੀਰਾ, ਰੱਬ ਤੇ ਰੁੱਤਾਂ। 5

4. ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਸਾਹਿਤਕਾਰ ਦੇ ਜੀਵਨ, ਰਚਨਾ ਅਤੇ ਸਾਹਿਤਕ ਯੋਗਦਾਨ ਬਾਰੇ ਚਰਚਾ ਕਰੋ :

   ਭਾਈ ਵੀਰ ਸਿੰਘ, ਸੁਜਾਨ ਸਿੰਘ। 8

5. ਕਿਸੇ **ਇੱਕ** ਵਿਸ਼ੇ 'ਤੇ ਲਗਭਗ **500** ਸ਼ਬਦਾਂ ਦਾ ਨਿਬੰਧ ਲਿਖੋ :

   (ੳ) ਭਾਰਤੀ ਸਮਾਜ ਅਤੇ ਜਾਤੀਵਾਦ

   (ਅ) ਭਾਰਤੀ ਸਮਾਜ ਵਿੱਚ ਔਰਤ ਦੀ ਸਥਿਤੀ

   (ੲ) ਸੰਪ੍ਰਦਾਇਕਤਾ

   (ਸ) ਵਿਸ਼ਵੀਕਰਨ ਅਤੇ ਪੰਜਾਬ। 7

6. ਹੇਠ ਲਿਖਿਆਂ ਵਿੱਚੋਂ ਕੋਈ **ਸੱਤ** ਸ਼ਬਦਾਂ ਨੂੰ ਹਰ ਪੱਖੋਂ ਸੋਧ ਕੇ ਲਿਖੋ :

ਹਤੀਆਰਾ, ਅਮ੍ਰਿੰਤਸਰ, ਸ਼ੈਹਰ, ਵਿਦੀਆਰਥੀ, ਪਰਚਾਰ, ਸੁਨੀਯਾਰ, ਦਾਣਵ, ਕਾਨੂੰਨ, ਈਮਾਨਦਾਰ, ਸਿਯਾਣਾ। 7

7. ਹੇਠ ਲਿਖਿਆਂ ਵਿੱਚੋਂ ਕੋਈ **ਅੱਠ** ਵਾਕਾਂ ਨੂੰ ਹਰ ਪੱਖੋਂ ਸੋਧ ਕੇ ਲਿਖੋ :

(ੳ) ਮੱਝ ਚਿੱਕੜ ਵਿਚ ਡੁੱਬ ਗਈਆਂ।

(ਅ) ਸੁਰਿੰਦਰ ਆਪਣਿਆਂ ਹੱਥਾਂ ਦੀ ਉਂਗਲ ਨੂੰ ਮਾਲਿਸ਼ ਕਰ ਰਹੀ ਸੀ।

(ੲ) ਉਸਨੇ ਬਜ਼ਾਰ ਜਾ ਕੇ ਬਹੁਤ ਸਾਰਾ ਪੈੱਨ ਖ਼ਰੀਦਿਆ।

(ਸ) ਚੱਕੀ ਦੇ ਪੁੜਾਂ ਹੇਠ ਦਾਣੇ ਦਰੜਿਆ ਗਿਆ।

(ਹ) ਪ੍ਰਕਾਸ਼ ਸਿੰਘ ਦੀ ਬਾਂਹ ਟੁੱਟ ਗਿਆ।

(ਕ) ਹਰਜੀਤ ਕੌਰ ਨੇ ਆਪਣੇ ਪਿਤਾ ਨੂੰ ਚਿੱਠੀ ਲਿਖੀਆਂ।

(ਖ) ਪਿੰਡ ਦੇ ਸਰਪੰਚ ਨੇ ਪੰਚਾਇਤ ਵਿੱਚ ਸੱਚੀਆਂ-ਸੱਚੀਆਂ ਗੱਲ ਸੁਣਾਈ।

(ਗ) ਬਿੱਲੀ ਦੇ ਸਾਰੇ ਬਲੂੰਗੜੇ ਦੌੜ ਗਿਆ।

(ਘ) ਉਸਦਾ ਚਾਚਾ ਗ੍ਰਿਫਤਾਰ ਹੋਈ।

(ਙ) ਗੁਰਬਾਜ਼ ਸਿੰਘ ਦਾ ਕੁੱਤਾ ਬਹੁਤ ਭੌਂਕਦੀ ਹੈ। 8